# ਸ਼੍ਰੀ ਬਲਵੰਤ ਸਿੰਘ

ਉਹ ਬੜੇ ਪ੍ਰਮਾਤਮਾ ਦੇ ਸ਼ਰਧਾਲੂ ਸਨ। ਧਰਮ ਨਿਸ਼ਠਾ ਕਾਰਨ ਹੀ ਉਨ੍ਹਾਂ ਨੂੰ ਸਿੱਖਾਂ ਵਿਚ ਸੇਵਾਦਾਰ ਥਾਪ ਦਿੱਤਾ ਗਿਆ ਸੀ। ਸ਼ਾਂਤੀ ਦੇ ਪਰਮ ਪੂਜ ਬਲਵੰਤ ਸਿੰਘ ਦਾ ਸੁਭਾਅ ਬੜਾ ਨਿਮਰ ਸੀ। ਉਹ ਬੜਾ ਮਿੱਠਾ ਬੋਲਦੇ ਸਨ। ਪਹਿਲਾਂ-ਪਹਿਲਾਂ ਉਹ ਪ੍ਰਮਾਤਮਾ ਭਗਤੀ ਵੱਲ ਲੱਗੇ। ਫੇਰ ਲੋਕਾਂ ਨੂੰ ਉਸ ਪਾਸੇ ਚੇਟਕ ਲਵਾਉਣ ਵਿਚ ਰੁੱਝੇ ਰਹੇ। ਬਾਅਦ ਵਿਚ ਲੋਕਾਂ ਦੇ ਕਸ਼ਟ ਦੂਰ ਕਰਨ ਦੀ ਕੋਸ਼ਿਸ਼ ਵਿਚ ਹੌਲੀ-ਹੌਲੀ ਗੋਰੇ ਮਹਾਸ਼ਿਆਂ ਨਾਲ ਮੁਠਭੇੜ ਹੁੰਦੀ ਗਈ ਅਤੇ ਅੰਤ ਵਿਚ ਮੁਸਕ੍ਰਾਉਂਦੇ ਹੋਏ ਫਾਂਸੀ ਚੁੰਮ ਕੇ ਆਪਣੇ ਪ੍ਰਾਣ ਤਿਆਗ ਦਿੱਤੇ।

ਸ਼੍ਰੀ ਬਲਵੰਤ ਸਿੰਘ ਦਾ ਜਨਮ ਪਿੰਡ ਖੁਰਦਪੁਰ ਜ਼ਿਲ੍ਹਾ ਜਲੰਧਰ ਵਿਚ ਪਹਿਲੇ ਅੱਸੂ, ਸੰਮਤ 1939 ਬਿਕਰਮੀ ਦਿਨ ਸ਼ੁਕਰਵਾਰ ਨੂੰ ਹੋਇਆ ਸੀ। ਆਪਦੇ ਪਿਤਾ ਦਾ ਨਾਂ ਸਰਦਾਰ ਬੁੱਧ ਸਿੰਘ ਸੀ। ਪਰਿਵਾਰ ਬੜਾ ਧਨਾਢ ਸੀ। ਪਿਤਾ ਨੂੰ ਧਰ ਤੋਂ ਇਲਾਵਾ ਸੁਭਾਅ ਅਤੇ ਹੋਰ ਗੁਣਾਂ ਕਾਰਨ ਸਾਰੇ ਆਦਰ ਅਤੇ ਸਤਿਕਾਰ ਦੀ ਨਜ਼ਰ ਨਾਲ ਦੇਖਦੇ ਸੀ। ਹੋਸ਼ ਸੰਭਾਲਦੇ ਹੀ ਆਪ ਨੂੰ ਆਦਮਪੁਰ ਦੇ ਮਿਡਲ ਸਕੂਲ ਵਿਚ ਪੜ੍ਹਨੇ ਪਾ ਦਿੱਤਾ ਗਿਆ। ਵਿਦਿਆਰਥੀ ਜੀਵਨ ਵਿਚ ਹੀ ਆਪਦਾ ਵਿਆਹ ਹੋ ਗਿਆ। ਪਰ ਵਿਆਹ ਤੋਂ ਬਾਅਦ ਛੇਤੀ ਹੀ ਧਰਮਪਤਨੀ ਦੀ ਮੌਤ ਹੋ ਗਈ। ਮਿਡਲ ਪਾਸ ਕੀਤੇ ਬਿਨਾਂ ਹੀ ਸਕੂਲ ਛੱਡ ਕੇ ਉਹ ਫੌਜ ਵਿਚ ਭਰਤੀ ਹੋ ਗਏ। ਪਲਟਣ ਵਿਚ ਆਪ ਦਾ ਮੇਲ ਸੰਤ ਕਰਮ ਸਿੰਘ ਜੀ ਨਾਲ ਹੋਇਆ। ਉਨ੍ਹਾਂ ਦੀ ਸੰਗਤ ਨਾਲ ਆਪਦਾ ਝੁਕਾਅ ਪ੍ਰਮਾਤਮਾ ਬੰਦਗੀ ਵੱਲ ਹੋ ਗਿਆ। ਦਸ ਸਾਲ ਜਿਵੇਂ-ਕਿਵੇਂ ਨੌਕਰੀ ਕੀਤੀ, ਫੇਰ ਅਚਾਨਕ ਨੌਕਰੀ ਛੱਡ ਕੇ ਆਪਣੇ ਪਿੰਡ ਰਹਿ ਕੇ ਪ੍ਰਮਾਤਮਾ ਦੀ ਭਗਤੀ ਸ਼ੁਰੂ ਕਰ ਦਿੱਤੀ। ਪਲਟਣ ਦੀ ਨੌਕਰੀ ਵਿਚ ਹੀ ਆਪ ਦਾ ਦੂਜਾ ਵਿਆਹ ਵੀ ਹੋਇਆ ਸੀ। ਪਿੰਡ ਦੇ ਕੋਲ ਇਕ ਗੁਫ਼ਾ ਸੀ। ਉਸੇ ਵਿਚ ਬੰਦ ਰਹਿ ਕੇ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹਿਣ ਲੱਗੇ। ਗਿਆਰਾਂ ਮਹੀਨੇ ਉੱਥੇ ਹੀ ਰਹਿਣ ਤੋਂ ਬਾਅਦ ਬਾਹਰ ਆਉਂਦੇ ਹੀ ਸੰਨ 1905 ਵਿਚ ਕੈਨੇਡਾ ਜਾਣ ਦਾ ਨਿਸ਼ਚਾ ਕਰਕੇ ਉੱਧਰ ਨੂੰ ਹੀ ਚਾਲੇ ਪਾ ਦਿੱਤੇ।

ਕੈਨੇਡਾ ਪਹੁੰਚ ਕੇ ਆਪਨੇ ਆਪਣੇ ਦੂਜੇ ਸਾਥੀ ਸ਼੍ਰੀ ਭਾਗ ਸਿੰਘ ਜੀ ਨਾਲ ਮਿਲਕੇ, ਜਿਨ੍ਹਾਂ ਨੂੰ ਇਕ ਗੱਦਾਰ ਨੇ ਬਾਅਦ ਵਿਚ ਗੋਲੀ ਮਾਰ ਦਿੱਤੀ ਸੀ, ਗੁਰਦੁਆਰਾ ਬਣਾਉਣ ਦਾ ਕੰਮ ਸ਼ੁਰੂ ਕੀਤਾ। ਵੈਨਕੂਵਰ ਵਿਚ ਹੀ ਉਨ੍ਹਾਂ ਦੀ ਕੋਸ਼ਿਸ਼ ਨਾਲ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਸਥਾਪਿਤ ਹੋਇਆ ਉਸ ਵੇਲੇ ਉੱਥੇ ਗਏ ਹੋਏ ਭਾਰਤ ਵਾਸੀਆਂ ਦਾ ਕੋਈ ਸੰਗਠਨ ਨਹੀਂ ਸੀ। ਉਨ੍ਹਾਂ ਨੂੰ ਗੋਰੇ ਲੋਕ ਤੰਗ ਕਰਿਆ ਕਰਦੇ ਸਨ। ਪਰ ਸਾਡੇ ਨਾਇਕ ਉੱਥੇ ਗਏ ਤਾਂ ਉਨ੍ਹਾਂ ਨੇ ਇਨ੍ਹਾਂ ਸਾਰੀਆਂ ਕਮੀਆਂ ਨੂੰ ਪੂਰਾ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ।

ਉਸ ਵੇਲੇ ਉੱਥੋਂ ਦੇ ਪ੍ਰਵਾਸੀ ਹਿੰਦੂਆਂ ਅਤੇ ਸਿੱਖਾਂ ਨੂੰ ਦੇਹ ਦਾ ਸਸਕਾਰ ਕਰਨ ਦੀ ਬੜੀ ਸਮੱਸਿਆ ਸੀ। ਉਨ੍ਹਾਂ ਨੂੰ ਲੋਥ ਜਲਾਉਣ ਦੀ ਇਜਾਜ਼ਤ ਨਹੀਂ ਸੀ। ਅਜਿਹੇ ਹਾਲਾਤ ਵਿਚ ਉਨ੍ਹਾਂ ਨੂੰ ਬੜੀ ਪ੍ਰੇਸ਼ਾਨੀ ਝੱਲਣੀ ਪੈਂਦੀ ਸੀ। ਕਈ ਵਾਰੀ ਉਨ੍ਹਾਂ ਨੂੰ ਮੀਂਹ ਵਿਚ, ਬਰਫ਼ਬਾਰੀ ਵਿਚ ਲੋਥ ਨੂੰ ਜੰਗਲ ਵਿਚ ਲੈ ਜਾ ਕੇ ਕੁਝ ਲੱਕੜਾਂ ਇਕੱਠੀਆਂ ਕਰਕੇ ਤੇਲ ਪਾ ਕੇ ਅੱਗ ਲਾਕੇ ਭੱਜਣਾ ਪੈਂਦਾ ਸੀ। ਅਜਿਹੀ ਹਾਲਤ ਵਿਚ ਕੈਨੇਡੀਅਨ ਲੋਕਾਂ ਦੀ ਗੋਲੀ ਦਾ ਨਿਸ਼ਾਨਾ ਬਣਨ ਦਾ ਖਤਰਾ ਰਹਿੰਦਾ ਸੀ। ਸ਼੍ਰੀ ਬਲਵੰਤ ਸਿੰਘ ਜੀ ਨੇ ਇਹ ਮੁਸ਼ਕਿਲ ਦੂਰ ਕਰਨ ਦਾ ਪ੍ਰਬੰਧ ਕੀਤਾ। ਕੁਝ ਜ਼ਮੀਨ ਖਰੀਦ ਲਈ। ਦਾਹ-ਸਸਕਾਰ ਕਰਨ ਦੀ ਇਜਾਜ਼ਤ ਲੈ ਲਈ। ਗੁਰਦੁਆਰੇ ਵਿਚ ਭਾਰਤੀ ਮਜ਼ਦੂਰਾਂ ਦੀ ਜਥੇਬੰਦੀ ਵੀ ਬਣਾਉਣ ਲੱਗੇ। ਉਨ੍ਹਾਂ ਨੇ ਚੰਗੇ ਚਰਿੱਤਰ ਅਤੇ ਈਸ਼ਵਰ ਭਗਤੀ ਦਾ ਪ੍ਰਚਾਰ ਕੀਤਾ। ਗੁਰਦੁਆਰਾ ਬੜੀ ਮਿਹਨਤ ਨਾਲ ਬਣ ਸਕਿਆ ਸੀ, ਉਸ ਸਭ ਵਿਚ ਆਪ ਦੀ ਮਿਹਨਤ ਹੀ ਸਭ ਤੋਂ ਵੱਧ ਸੀ, ਇਸ ਲਈ ਸਭ ਨੇ ਮਿਲ ਕੇ ਆਪ ਨੂੰ ਗ੍ਰੰਥੀ ਥਾਪਣ ਦਾ ਫੈਸਲਾ ਕੀਤਾ। ਪਹਿਲਾਂ ਤਾਂ ਆਪਨੇ ਕੁਝ ਇਨਕਾਰ ਕੀਤਾ, ਪਰ ਬਾਅਦ ਵਿਚ ਮੰਜ਼ੂਰ ਕਰ ਲਿਆ।

ਸਿੱਖ ਲੋਕ ਬੜੇ ਰਿਸ਼ਟ-ਪੁਸ਼ਟ ਅਤੇ ਮਿਹਨਤੀ ਹੁੰਦੇ ਹਨ। ਉਨ੍ਹਾਂ ਦੇ ਕੈਨੇਡਾ ਵਿਚ ਜਾਣ ਨਾਲ ਗੋਰੇ ਮਜ਼ਦੂਰਾਂ ਦੀ ਕਦਰ ਘੱਟ ਗਈ। ਉੱਧਰ ਗੋਰੇ ਮਜ਼ਦੂਰਾਂ ਤੋਂ ਉਨ੍ਹਾਂ ਦੀ ਤਨਖਾਹ ਵੀ ਬੜੀ ਘੱਟ ਹੁੰਦੀ ਸੀ। ਉਨ੍ਹਾਂ ਦੇ ਪਹਿਲੇ ਦਲ ਦੇ ਪਹੁੰਚਦੇ ਹੀ ਗੋਰੇ ਮਜ਼ਦੂਰਾਂ ਨੇ ਦੰਗਾ-ਫਸਾਦ ਸ਼ੁਰੂ ਕਰ ਦਿੱਤਾ ਸੀ। ਪਰ ਸੂਰਮੇ ਸਿੱਖ ਇਨ੍ਹਾਂ ਗੱਲਾਂ ਤੋਂ ਡਰਨ ਵਾਲੇ ਨਹੀਂ ਸਨ। ਇਸ ਕਰਕੇ ਗੋਰੇ ਹੋਰ ਵੀ ਖਿਝ ਗਏ। ਅਤੇ ਉੱਧਰ ਗੁਰਦੁਆਰਾ ਬਣਨ ਨਾਲ ਇਨ੍ਹਾਂ ਦਾ ਸੰਗਠਨ ਵਧਣ ਲੱਗਾ। ਨਵੇਂ ਆਉਣ ਵਾਲਿਆਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਮਿਲਣ ਲੱਗੀ। ਇਹ ਸਭ ਦੇਖ ਕੇ ਉੱਥੋਂ ਦੀ ਗੋਰੀ ਸਰਕਾਰ ਨੇ ਉਨ੍ਹਾਂ ਨੂੰ ਉੱਥੋਂ ਕੱਢਣ ਦੇ ਬਹਾਨੇ ਤਲਾਸ਼ ਕਰਨੇ ਸ਼ੁਰੂ ਕਰ ਦਿੱਤੇ। ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਭਾਰਤੀ ਮਜ਼ਦੂਰਾਂ ਨੂੰ ਬੜਾ ਕੁਝ ਫੁਸਲਾ ਕੇ ਹੰਡੁਰਸ ਨਾਮਕ ਦੀਪ ਤੇ ਜਾਣ ਵਾਸਤੇ ਰਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੀਪ ਦੀ ਬਹੁਤ ਸਿਫ਼ਤ

ਕੀਤੀ ਗਈ। ਪਰ ਭਾਈ ਬਲਵੰਤ ਸਿੰਘ ਜੀ ਖੂਬ ਸਮਝਦੇ ਸਨ ਕਿ ਇਹ ਸਭ ਕੁਝ ਛਲ ਹੈ। ਆਪਨੇ ਆਪਣੇ ਕਿਸੇ ਵਿਸ਼ਵਾਸੀ ਸੱਜਣ ਨੂੰ ਉਹ ਥਾਂ ਦੇਖ ਆਉਣ ਲਈ ਭੇਜਿਆ। ਉਸ ਸੱਜਣ ਦਾ ਨਾਂ ਸੀ ਸ਼੍ਰੀ ਨਾਗਰ ਸਿੰਘ। ਉਨ੍ਹਾਂ ਨੂੰ ਉੱਥੇ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਭਾਰਤ ਵਿਚ ਪੰਜ ਮੁਰੱਬੇ ਜ਼ਮੀਨ ਅਤੇ ਪੰਜ ਹਜ਼ਾਰ ਡਾਲਰ ਦੇਣ ਦਾ ਲੋਭ ਕੇ ਇਸ ਗੱਲ ਤੇ ਰਾਜ਼ੀ ਕਰਨਾ ਚਾਹਿਆ ਕਿ ਉਹ ਭਾਰਤੀਆਂ ਨੂੰ ਹੰਡੂਰਸ ਜਾਣ ਤੇ ਰਾਜ਼ੀ ਕਰ ਲੈਣ। ਉਨ੍ਹਾਂ ਨੇ ਆਉਂਦੇ ਹੀ ਸਭ ਭੇਤ ਖੋਲ੍ਹ ਦਿੱਤਾ। ਇਮੀਗ੍ਰੇਸ਼ਨ ਵਾਲ ਵੀ ਖੁੱਲ੍ਹ ਕੇ ਖੇਡੇ। ਹੁਣ ਖੁੱਲ੍ਹੀ ਲੜਾਈ ਛਿੜ ਗਈ ਸੀ। ਇਮੀਗ੍ਰੇਸ਼ਨ ਵਿਭਾਗ ਨੇ ਜਾਇਜ਼-ਨਾਜਾਇਜ਼ ਸੋਚਣ ਦਾ ਵਿਚਾਰ ਛੱਡ ਦਿੱਤਾ। ਜਿਉਂ-ਜਿਉਂ ਮਾਮਲਾ ਵਧਦਾ ਗਿਆ ਤਿਉਂ-ਤਿਉਂ ਸ਼੍ਰੀ ਬਲਵੰਤ ਸਿੰਘ ਜੀ ਵੀ ਅੱਗੇ ਵਧਦੇ ਗਏ। (ਦੇਖੋ ਚਿੱਤਰ ਨੰ. 30)

ਪ੍ਰਵਾਸੀ ਭਾਰਤੀਆਂ ਦੀ ਇੱਛਾ ਸੀ ਕਿ ਉਹ ਲੋਕ ਭਾਰਤ ਪਰਤ ਕੇ ਆਪਣੇ ਪਰਿਵਾਰਾਂ ਨੂੰ ਨਾਲ ਲਿਆ ਸਕਣ। ਬਹੁਤ ਦਿਨਾਂ ਤੱਕ ਖਿੱਚ-ਧੂਹ ਹੋਈ। ਆਖਰ ਇਕ ਸਲਾਹ ਕੀਤੀ ਗਈ। ਸ਼੍ਰੀ ਬਲਵੰਤ ਸਿੰਘ, ਸ੍ਰੀ ਭਾਗ ਸਿੰਘ ਅਤੇ ਭਾਈ ਸੁੰਦਰ ਸਿੰਘ ਜੀ ਨੂੰ ਭਾਰਤ ਜਾ ਕੇ ਆਪਣੇ ਪਰਿਵਾਰ ਲਿਆਉਣ ਵਾਸਤੇ ਭੇਜਣ ਦਾ ਪ੍ਰਸਤਾਵ ਹੋਇਆ। ਉਹ ਤਿੰਨੋਂ ਸੱਜਣ ਭਾਰਤ ਨੂੰ ਪਰਤ ਆਏ।

1911 ਵਿਚ ਉਹ ਫੇਰ ਪਰਿਵਾਰ ਸਮੇਤ ਰਵਾਨਾ ਹੋਏ। ਹਾਂਗਕਾਂਗ ਪਹੁੰਚ ਕੇ ਟਿਕਟ ਨਾ ਮਿਲਣ ਕਾਰਨ ਉਨ੍ਹਾਂ ਨੂੰ ਰੁਕਣਾ ਪਿਆ। ਉੱਥੇ ਹੀ ਟਿਕੇ ਰਹਿ ਕੇ ਉਹ ਵੈਨਕੂਵਰ ਗੁਰਦੁਆਰੇ ਵਾਲਿਆਂ ਨਾਲ ਖਤੋ-ਖਿਤਾਬਤ ਰਾਹੀਂ ਸਲਾਹ ਕਰਦੇ ਰਹੇ। ਆਖਰ ਤਿੰਨੋਂ ਸੱਜਣ ਤੁਰ ਪਏ। ਸ੍ਰੀ ਸੁੰਦਰ ਸਿੰਘ ਜੀ ਤਾਂ ਗਏ ਵੈਨਕੂਵਰ ਅਤੇ ਬਾਕੀ ਦੋਨੋਂ ਸੱਜਣ ਤਿੰਨਾਂ ਪਰਿਵਾਰਾਂ ਸਹਿਤ ਸਾਨਫਰਾਂਸਿਸਕੋ ਨੂੰ ਰਵਾਨਾ ਹੋ ਗਏ। ਭਾਈ ਸੁੰਦਰ ਸਿੰਘ ਤਾਂ ਵੈਨਕੂਵਰ ਪਹੁੰਚ ਗਏ, ਪਰ ਸੰਯੁਕਤ ਰਾਜ ਅਮਰੀਕਾ ਵੀ ਤਾਂ ਆਖਰ ਗੋਰਿਆਂ ਦਾ ਹੀ ਦੇਸ਼ ਸੀ ਅਤੇ ਇੱਧਰ ਵੀ ਤਾਂ ਉਹ ਗੁਲਾਮ ਭਾਰਤਵਾਸੀ ਸਨ। ਪਰਿਵਾਰ ਸਮੇਤ ਉਨ੍ਹਾਂ ਦੋਹਾਂ ਸੱਜਣਾਂ ਨੂੰ ਉੱਥੇ ਉੱਤਰਨ ਦੀ ਇਜਾਜ਼ਤ ਨਾ ਮਿਲੀ। ਉਹ ਫੇਰ ਹਾਂਗਕਾਂਗ ਪਰਤ ਆਏ। ਫੇਰ ਬੜੇ ਦਿਨਾਂ ਬਾਅਦ ਬੜੀ ਕੋਸ਼ਿਸ਼ ਮਗਰੋਂ ਵੈਨਕੂਵਰ ਵਾਸਤੇ ਟਿਕਟ ਮਿਲੇ। ਵੈਨਕੂਵਰ ਵਿਚ ਇਨ੍ਹਾਂ ਦੋਹਾਂ ਸੱਜਣਾਂ ਨੂੰ ਉਤਰਨ ਦੀ ਤਾਂ ਇਜਾਜ਼ਤ ਮਿਲ ਗਈ ਪਰ ਪਰਿਵਾਰਾਂ ਨੂੰ ਉੱਤਰਨ ਦੀ ਇਜਾਜ਼ਤ ਨਾ ਮਿਲੀ। ਬੜਾ ਝੰਜਟ ਛਿੜਿਆ। ਆਖਰ ਪਰਿਵਾਰਾਂ ਨੂੰ ਓਨੇ ਦਿਨਾਂ ਤੱਕ ਉਤਰਨ ਦੀ ਇਜਾਜ਼ਤ ਮਿਲ ਗਈ ਜਿੰਨੇ ਦਿਨਾਂ ਵਿਚ ਆਸ ਕੀਤੀ ਗਈ ਸੀ ਕਿ ਇਮੀਗ੍ਰੇਸ਼ਨ ਵਿਭਾਗ ਦੇ ਕੇਂਦਰੀ ਦਫ਼ਤਰ ਓਟਾਵਾ ਤੋਂ ਅੰਤਮ ਹੁਕਮ ਆ ਜਾਏਗਾ। ਪਰਿਵਾਰ ਉੱਤਰੇ ਤਾਂ ਸਹੀ ਪਰ ਜ਼ਮਾਨਤ ਤੇ। ਜ਼ਮਾਨਤ ਦੀ ਮਿਆਦ ਪੂਰੀ ਹੋ ਜਾਣ ਤੋਂ ਦੋ ਦਿਨ ਬਾਅਦ ਇਮੀਗ੍ਰੇਸ਼ਨ ਵਿਭਾਗ ਵਾਲੇ ਪਰਿਵਾਰਾਂ ਨੂੰ ਲੈਣ ਆਏ ਪਰ ਸਿੱਖ ਲੋਕ ਝਗੜੇ ਵਾਸਤੇ ਤਿਆਰ ਹੋ ਗਏ। ਅਫ਼ਸਰ ਲੋਕ ਜ਼ਰਾ ਗਰਮ ਹੋਏ, ਪਰ ਸੂਰਮਿਆਂ ਦੀਆਂ ਲਾਲ-ਅੰਗਾਰਿਆਂ ਵਰਗੀਆਂ ਅੱਖਾਂ ਦੇਖ ਕੇ, ਮੂੰਹ ਢਿੱਲਾ ਜਿਹਾ ਕਰਕੇ ਮੁੜ ਗਏ। ਲਾਲ ਅੱਖਾਂ ਪਿੱਛੇ ਕਿਹੜੀ ਤਾਕਤ ਸੀ, ਕਿਹੜੀ ਦ੍ਰਿੜਤਾ ਸੀ, ਅਤੇ ਕਿਹੜਾ ਨਿਸ਼ਚਾ ਸੀ ਜਿਸ ਕਰਕੇ ਕੈਨੇਡਾ ਦੀ ਰਾਜ ਸ਼ਕਤੀ ਅਤੇ ਉਨ੍ਹਾਂ ਦਾ ਇਮੀਗ੍ਰੇਸ਼ਨ ਵਿਭਾਗ ਥਰ-ਥਰ ਕੰਬ ਉੱਠੇ, ਅਤੇ ਉਨ੍ਹਾਂ ਪਰਿਵਾਰਾਂ ਨੂੰ ਉਥੇ ਹੀ ਰਹਿਣ ਦਿੱਤਾ ਗਿਆ— ਇਹ ਗੱਲਾਂ ਅੱਜ ਗੁਲਾਮ ਭਾਰਤਵਾਸੀ ਨਹੀਂ ਸਮਝ ਸਕਦੇ। ਉਨ੍ਹਾਂ ਦੀ ਹੋਛੀ ਸਮਝ, ਉਨ੍ਹਾਂ ਦਾ ਸੌੜਾ ਨਜ਼ਰੀਆ ਨਹੀਂ ਸਮਝ ਸਕਦਾ ਕਿ ਦੇਸ਼ਾਂ ਨੂੰ ਬਣਾਉਣ ਵਿਚ ਕਿਹੋ ਜਿਹੇ ਸਮੇਂ, ਕਿਹੋ ਜਿਹੀਆਂ ਘੜੀਆਂ ਮੌਜੂਦ ਹੋਇਆ ਕਰਦੀਆਂ ਹਨ। ਸੁਤੰਤਰ ਭਾਰਤ ਆਪਣੇ ਆਜ਼ਾਦੀ ਅੰਦੋਲਨ ਦੀਆਂ ਇਨ੍ਹਾਂ ਲਾਸਾਨੀ ਮਿਸਾਲਾਂ ਨੂੰ ਯਾਦ ਕਰਿਆ ਕਰਗਾ। ਉਸ ਵੇਲੇ ਦੇ ਇਤਿਹਾਸ ਲੇਖਕ ਹੀ ਇਨ੍ਹਾਂ ਸਾਰੀਆਂ ਗੱਲਾਂ ਨੂੰ ਖੂਬ ਵਿਸਤਾਰ ਅਤੇ ਅਸਲ ਰੂਪ ਵਿਚ ਲਿਖ ਸਕਣ ਦਾ ਮੌਕਾ ਪਾ ਸਕਣਗੇ। ਉਦੋਂ ਦਫ਼ਾ 124 ਏ ਆਦਿ ਵਰਗੇ ਵਿਕਰਾਲ ਦਾਨਵ ਗਲਾ ਦਬਾਕੇ, ਅੱਖਾਂ ਕੱਢਦੇ ਹੋਏ ਉਨ੍ਹਾਂ ਦਾ ਸਾਹ ਬੰਦ ਨਹੀਂ ਕਰ ਰੱਖਣਗੇ। ਉਹ ਪਰਿਵਾਰ ਤਾਂ ਉੱਥੇ ਹੀ ਰਹਿ ਗਏ, ਪਰ ਬਾਕੀ ਭਾਰਤੀ ਪਰਿਵਾਰਾਂ ਨੂੰ ਲਿਆਉਣ ਦੀ ਸਮੱਸਿਆ ਉਵੇਂ ਹੀ ਖੜ੍ਹੀ ਰਹੀ। ਦੋ ਸਾਲ ਤੱਕ ਨਿਰੰਤਰ ਝਗੜਾ ਕੀਤਾ, ਪਰ ਸਿੱਟਾ ਕੁਝ ਨਾ ਨਿੱਕਲਿਆ। ਆਖਰ ਫੈਸਲਾ ਹੋਇਆ ਕਿ ਇੰਗਲੈਂਡ ਦੀ ਸਰਕਾਰ ਅਤੇ ਜਨਤਾ ਤੇ ਭਾਰਤ ਸਰਕਾਰ ਅਤੇ ਜਨਤਾ ਸਾਹਮਣੇ ਆਪਣੀਆਂ ਮੰਗਾਂ ਰੱਖੀਆਂ ਜਾਣ ਅਤੇ ਉਨ੍ਹਾਂ ਦੀ ਮਦਦ ਨਾਲ ਇਸ ਉਲਝਣ ਨੂੰ ਸੁਲਝਾਇਆ ਜਾਵੇ।

ਇਕ ਵਫ਼ਦ ਬਣਾਇਆ ਗਿਆ ਜੋ ਭਾਰਤ ਵੀ ਗਿਆ ਅਤੇ ਇੰਗਲੈਂਡ ਵੀ। ਉਸ ਦੇ ਤਿੰਨ ਮੈਂਬਰਾਂ ਵਿਚੋਂ ਇਕ ਸਾਡੇ ਨਾਇਕ ਸ੍ਰੀ ਬਲਵੰਤ ਸਿੰਘ ਵੀ ਸਨ। ਇੰਗਲੈਂਡ ਗਏ। ਸਾਰੇ ਉੱਚ ਅਧਿਕਾਰੀਆਂ ਨੂੰ ਮਿਲੇ। ਕਿਹਾ ਗਿਆ-'ਮਾਮਲਾ ਭਾਰਤ ਸਰਕਾਰ ਰਾਹੀਂ ਇੱਥੇ ਪਹੁੰਚਣਾ ਚਾਹੀਦਾ ਹੈ।' ਨਿਰਾਸ਼ ਹੋ ਕੇ ਭਾਰਤ ਆਏ। ਅੰਦੋਲਨ ਸ਼ੁਰੂ ਕੀਤਾ। ਉਸ ਵੇਲੇ ਪ੍ਰਮੁੱਖ ਨੇਤਾ ਲਾਲਾ ਲਾਜਪਤ ਰਾਏ ਨੇ ਵੀ ਸੜਿਆ ਜਿਹਾ ਜਵਾਬ ਦੇ ਕੇ ਉਨ੍ਹਾਂ ਤੋਂ ਪਿੱਛਾ ਛੁਡਾ ਲਿਆ ਸੀ। ਫੇਰ ਕੀ ਸੀ? ਕੁਝ ਇਕ ਸੱਜਣਾਂ ਦੀ ਮਦਦ ਮਿਲੀ। ਜਨ ਸਭਾਵਾਂ ਕੀਤੀਆਂ ਗਈਆਂ। ਗੁੱਸਾ ਸੀ, ਤੈਸ਼ ਸੀ, ਜ਼ਖਮੀ ਰਾਸ਼ਟਰੀ ਭਾਵ ਸੀ,

ਮਜਬੂਰੀ ਸੀ ਅਤੇ ਨਾਲ ਸੀ ਘੋਰ ਨਿਰਾਸ਼ਾ। ਜਲੇ ਹੋਏ ਦਿਲਾਂ ਵਿਚੋਂ ਜੋ ਕਝ ਨਿੱਕਲਿਆ ਕਿਹਾ ਅਤੇ ਫੇਰ? ਸਰ ਮਾਈਕਲ ਓਡਾਇਰ ਆਪਣੇ (India As I Know It.) ਨਾਮੀ ਕਿਤਾਬ ਵਿਚ ਲਿਖਦੇ ਹਨ:

> '*At this stage I sent a warning to the delegates that if this continued, I would be compelled to take serious action........... The delegates on this asked for an interview with me. I had a long talk with them and repeated my warning . Two of them were ..... and spacious; the manner of the third seemed to be that of a dangerous revolutionary. they wished to see the Viceroy, and in sending them on to him. I particularly warned him about this man.*'

ਇਹ ਤੀਜੇ ਸੱਜਣ ਜਿਨ੍ਹਾਂ ਬਾਰੇ ਸਾਡੇ ਲਾਟ ਨੇ ਐਨਾ ਕੁਝ ਕਹਿ ਛੱਡਿਆ ਹੈ, ਇਹ ਉਹੀ ਸਾਡੇ ਨਾਇਕ ਬਲਵੰਤ ਸਨ। ਉਸ ਭਾਵੁਕ ਹਿਰਦੇ ਨੇ ਤਾਂ ਗਹਿਰੇ ਜ਼ਖ਼ਮ ਖਾਏ ਸਨ। ਆਤਮ ਸਨਮਾਨ ਦਾ ਭਾਵ ਵਾਰ-ਵਾਰ ਠੁਕਰਾਇਆ ਜਾ ਚੁੱਕਾ ਸੀ। ਉਨ੍ਹਾਂ ਨੇ ਹੌਲੀ-ਹੌਲੀ ਨਿਸ਼ਚਾ ਕਰ ਲਿਆ ਸੀ ਕਿ ਭਾਰਤ ਨੂੰ ਹਰ ਸੰਭਵ ਤਰੀਕੇ ਨਾਲ ਆਜ਼ਾਦ ਕਰਵਾਉਣਾ ਹੀ ਹਰੇਕ ਭਾਰਤਵਾਸੀ ਦਾ ਸਭ ਤੋਂ ਪਹਿਲਾ ਫਰਜ਼ ਹੈ। ਖੈਰ! ਵਫਦ ਲਾਚਾਰ-ਨਿਰਾਸ਼ ਹੋ ਕੇ 1914 ਦੇ ਸ਼ੁਰੂ ਵਿਚ ਵਾਪਸ ਪਰਤ ਗਿਆ। ਉਨ੍ਹਾਂ ਦਿਨਾਂ ਵਿਚ ਹੀ ਭਾਰਤੀ ਗ਼ਦਰੀ ਸ੍ਰੀ ਭਗਵਾਨ ਦਾਸ ਅਤੇ ਸ੍ਰੀ ਬਰਕਤੁੱਲਾ ਵੀ ਅਮਰੀਕਾ ਪਹੁੰਚ ਗਏ। ਸੰਯੁਕਤ ਰਾਜ ਅਮਰੀਕਾ ਵਿਚ ਇਨ੍ਹੀਂ ਦਿਨੀਂ ਹਿੰਦੁਸਤਾਨ ਐਸੋਸੀਏਸ਼ਨ ਦਾ ਕੰਮ ਜ਼ੋਰਾਂ ਨਾਲ ਹੋਣ ਲੱਗ ਪਿਆ ਸੀ। ਗ਼ਦਰ-ਦਲ, ਗ਼ਦਰ-ਪ੍ਰੈੱਸ, ਗ਼ਦਰ-ਅਖ਼ਬਾਰ ਸ਼ੁਰੂ ਹੋ ਗਏ। ਪਰ ਉਕਤ ਵਫ਼ਦ ਵਾਲੇ ਸੱਜਣਾਂ ਦਾ ਉਸ ਵੇਲੇ ਤੱਕ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਸੀ। ਪਰ ਉਨ੍ਹਾਂ ਨੂੰ ਸਰ ਮਾਈਕਲ ਓਡਾਇਰ ਨੇ ਗ਼ਦਰ-ਦਲ ਦੇ ਹੀ ਪ੍ਰਤਿਨਿਧੀ ਲਿਖਿਆ ਹੈ। ਇਸ ਲਈ—

ਉਸ ਵੇਲੇ ਤੱਕ ਭਾਰਤਵਰਸ਼ ਦੇ ਮੁਕੱਦਮੇ ਹੋਰ ਕੌਮਾਂ ਦੇ ਸਾਮ੍ਹਣੇ ਨਹੀਂ ਰੱਖੇ ਗਏ ਸਨ। ਪਰ ਇਹ ਵਫ਼ਦ ਜਾਪਾਨ ਅਤੇ ਚੀਨ ਦੇ ਰਾਜ ਨੇਤਾਵਾਂ ਨੂੰ ਮਿਲਦਾ ਹੋਇਆ ਹੀ ਗਿਆ ਸੀ ਅਤੇ ਇਨ੍ਹਾਂ ਨੇ ਭਾਰਤ ਦੀ ਤਰਫੋਂ ਉਨ੍ਹਾਂ ਦੀ ਹਮਦਰਦੀ ਖਿੱਚਣ ਦੀ ਭਰਪੂਰ ਕੋਸ਼ਿਸ਼ ਵੀ ਕੀਤੀ ਸੀ। ਵੈਨਕੂਵਰ ਪਰਤ ਕੇ ਆਪਣੇ ਅਸਫ਼ਲ ਯਤਨ ਦੀ ਦਾਸਤਾਂ ਸੁਣਾਉਂਦੇ ਹੋਏ ਸ੍ਰੀ ਬਲਵੰਤ ਸਿੰਘ ਜੀ ਨੇ ਇਕ ਬੜਾ ਪ੍ਰਭਾਵਸ਼ਾਲੀ ਬਿਆਨ ਦਿੱਤਾ ਸੀ। ਅਜਿਹੇ ਭਾਸ਼ਣ ਰਾਸ਼ਟਰਾਂ ਦੇ ਇਤਿਹਾਸ ਵਿਚ ਖਾਸ ਸਤਿਕਾਰ ਪਾਉਂਦੇ ਹਨ। ਗਹਿਰੇ ਸੋਚ-ਵਿਚਾਰ ਤੋਂ ਬਾਦ ਆਪ ਨੂੰ ਚਾਰੇ ਪਾਸਿਉਂ ਇਹੀ ਸੁਣਨ ਲੱਗਾ ਸੀ ਕਿ ਉਨ੍ਹਾਂ ਦੇ ਅੰਦਰੋਂ ਇਹੀ ਇਕ ਆਵਾਜ਼ ਉੱਠਣ ਲੱਗੀ ਸੀ ਕਿ 'ਸਾਰੇ ਰੋਗਾਂ ਦੀ ਇਕ ਮਾਤਰ ਦਵਾਈ ਭਾਰਤ ਦੀ ਆਜ਼ਾਦੀ ਹੈ।' ਆਪਨੇ ਭਾਸ਼ਣ ਵਿਚ ਆਪਣੇ ਅਨੁਭਵ ਅਤੇ ਡੂੰਘੇ ਵਿਚਾਰ ਨਾਲ ਜੋ ਸਿੱਟਾ ਕੱਢਿਆ ਸੀ ਉਹ ਦੱਸ ਦਿੱਤਾ।

ਲੋਕ ਉਨ੍ਹਾਂ ਦੀ ਸਾਫ਼ਗੋਈ, ਸ਼ਾਂਤੀ, ਦਲੇਰੀ, ਗੰਭੀਰਤਾ ਅਤੇ ਨਿਡਰਤਾ ਨੂੰ ਦੇਖ ਕੇ ਕਿਹਾ ਕਰਦੇ ਸਨ ਕਿ 'ਬਲਵੰਤ ਸਿੰਘ ਸਿੱਖਾਂ ਦਾ ਗ੍ਰੰਥੀ ਹੈ ਜਾਂ ਸੈਨਾਪਤੀ, ਇਹ ਨਿਸ਼ਚਾ ਕਰਨਾ ਬੜਾ ਮੁਸ਼ਕਿਲ ਹੈ।' ਇਸ ਤਰ੍ਹਾਂ—

ਨੇੜੇ ਭਵਿੱਖ ਵਿਚ ਕੀ ਕੀਤਾ ਜਾਵੇ, ਇਹ ਤਾਂ ਨਿਸ਼ਚਾ ਕਰਨ ਦਾ ਮੌਕਾ ਨਹੀਂ ਮਿਲਿਆ, ਕਿ ਇਕ ਹੋਰ ਸਮੱਸਿਆ ਸਾਮ੍ਹਣੇ ਆ ਖੜੀ ਹੋਈ— ਕਾਮਾਗਾਟਾ ਮਾਰੂ ਜਹਾਜ਼ ਆ ਪਹੁੰਚਿਆ। ਕਿਨਾਰੇ ਤੇ ਲੱਗਣ ਦੀ ਇਜਾਜ਼ਤ ਹੀ ਨਹੀਂ ਮਿਲੀ ਉਲਟੇ ਉਨ੍ਹਾਂ ਤੇ ਅਨੇਕਾਂ ਜ਼ੁਲਮ ਕੀਤੇ ਜਾਣ ਲੱਗੇ। ਜਿੰਨੇ ਦਿਨਾਂ ਤੱਕ ਜਹਾਜ਼ ਉੱਥੇ ਰਿਹਾ, ਉਨੇ ਦਿਨ ਸਾਰੇ ਭਾਰਤੀ ਇਕ ਜੁੱਟ ਹੋ ਕੇ ਉਨ੍ਹਾਂ ਦੀ ਸੇਵਾ ਵਿਚ ਰੁੱਝੇ ਰਹੇ। ਅਗਵਾਈ ਫੇਰ ਸਾਡੇ ਨਾਇਕ ਦੇ ਹੱਥ ਸੀ। ਆਪ ਨੇ ਦਿਨ-ਰਾਤ ਇਕ ਕਰ ਦਿੱਤਾ। ਐਨੀ ਮਿਹਨਤ ਹੋਰ ਕੋਈ ਕਰ ਪਾਉਂਦਾ ਜਾਂ ਨਹੀਂ, ਇਹ ਤਾਂ ਨਹੀਂ ਕਹਿ ਸਕਦੇ। ਕਿਰਾਏ ਦੀ ਕਿਸ਼ਤ ਦੀ ਅਦਾਇਗੀ ਵਿਚ ਦੇਰ ਲਗਵਾ ਕੇ ਜੋ ਅੜਚੜਾਂ ਗਰੇਸ਼ਾਹੀ ਪਾਉਣੀਆਂ ਚਾਹੁੰਦੀ ਸੀ, ਉਸ ਦਾ ਭਾਰ ਵੀ ਆਪ ਤੇ ਪਿਆ। 11 ਹਜ਼ਾਰ ਡਾਲਰ ਦੀ ਲੋੜ ਸੀ। ਸਭਾ ਵਿਚ 11 ਹਜ਼ਾਰ ਡਾਲਰ ਵਾਸਤੇ ਜੋ ਅਪੀਲ ਆਪ ਨੇ ਕੀਤੀ ਸੀ ਉਸ ਵਿਚ ਐਨਾ ਦਰਦ ਅਤੇ ਗਹਿਰਾ ਪ੍ਰਭਾਵ ਸੀ ਕਿ ਦੱਸਿਆ ਹੀ ਨਹੀਂ ਜਾ ਸਕਦਾ। 11 ਹਜ਼ਾਰ ਡਾਲਰ ਇਕੱਠੇ ਹੋ ਗਏ। ਉਨ੍ਹਾਂ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਤ ਬਾਅਦ ਆਪ ਹੋਰ ਸਲਾਹ-ਮਸ਼ਵਰਾ ਕਰਨ ਵਾਸਤੇ ਦੱਖਣ ਵੱਲ ਨੂੰ ਬੜੀ ਦੂਰ ਚਲੇ ਗਏ ਸਨ। ਅਚਾਨਕ ਉਹ ਅਮਰੀਕਾ ਦੀ ਸਰਹੱਦ ਤੇ ਪਹੁੰਚ ਗਏ। ਗੋਰੀ ਸਰਕਾਰ ਨੇ ਫੜ ਲਿਆ। ਕਿਹਾ— 'ਅਮਰੀਕਾ ਤੋਂ ਆਏ ਹੋ ਅਤੇ ਚੋਰੀ ਨਾਲ ਕੈਨੇਡਾ ਵਿਚ ਦਾਖਲ ਹੋਏ ਹੋ।' ਇਹ ਬੇਬੁਨਿਆਦ ਦੋਸ਼ ਵੀ ਇਕ ਲੰਬੇ ਝਗੜੇ ਦਾ ਕਾਰਨ ਬਣਿਆ, ਆਖਰ ਕੁਝ ਝਗੜੇ ਤੋਂ ਬਾਅਦ ਨਿਰਾਸ਼ ਹੋ ਕੇ ਕਾਮਾਗਾਟਾ ਮਾਰੂ ਜਹਾਜ਼ ਵੀ ਮੁੜਨ ਲਈ ਮਜਬੂਰ ਹੋ ਗਿਆ।

ਕਾਮਾਗਾਟਾ ਮਾਰੂ ਨਾਲ ਭਾਰਤ ਦੀਆਂ ਜਿੰਨੀਆਂ ਆਸਾਂ ਜੁੜੀਆਂ ਹੋਈਆਂ ਸਨ ਸਾਰੀਆਂ ਇਕਦਮ ਮਿੱਟੀ ਵਿਚ ਰੋਲ ਦਿੱਤੀਆਂ ਗਈਆਂ। ਭਾਰਤ ਦਾ ਵਿਵਸਾਏ ਵੱਲ ਇਹੀ ਤਾਂ ਪਹਿਲਾ ਪਰਿਯਤਨ ਸੀ। ਉਸੇ ਵਿਚ 'ਭਾਰਤ-ਹਿੱਤਕਾਰੀ' ਹਾਕਮਾਂ ਨੇ ਪੂਰੀ ਤਰ੍ਹਾਂ ਅਜਿਹਾ ਪੀਹਣਾ ਪਾਉਣ ਦੀ ਕੋਸ਼ਿਸ਼ ਕੀਤੀ ਕਿ ਫੇਰ ਕੋਈ ਅਜਿਹੀ ਕੋਸ਼ਿਸ਼ ਕਰਨ ਦੀ ਦਲੇਰੀ ਨਾ ਕਰ ਸਕੇ। ਕੈਨੇਡਾ ਵਿਚ ਜਿੰਨੇ ਦਿਨ ਜਹਾਜ਼ ਰੁਕਿਆ ਸੀ ਉਨੇ ਦਿਨ ਉਨ੍ਹਾਂ ਨਾਲ ਜੋ ਵਹਿਸ਼ੀ ਵਿਵਹਾਰ ਹੋਇਆ ਸੀ ਉਨ੍ਹਾਂ ਦਾ ਰੋਮਾਂਚਕਾਰੀ ਵਰਨਣ ਲਿਖਣ ਦੀ ਇਹ ਥਾਂ ਨਹੀਂ। ਪਰ ਉਸ ਦੀ ਯਾਦ ਦਿਲ ਨੂੰ ਅੱਗ ਲਾ ਦਿੰਦੀ ਹੈ, ਪਾਗਲ ਕਰ ਦਿੰਦੀ ਹੈ, ਰੁਆ-ਰੁਆ ਜਾਂਦੀ ਹੈ। ਉਨ੍ਹਾਂ ਸਭਨਾਂ ਦੀ ਜ਼ਿੰਮੇਵਾਰੀ ਇਮੀਗ੍ਰੇਸ਼ਨ ਵਿਭਾਗ ਦੇ ਵੈਨਕੂਵਰ ਵਾਲੇ ਮੁੱਖ ਅਧਿਕਾਰੀ ਮਿ. ਹਾੱਪਕਿਨਸਨ 'ਤੇ ਹੀ ਸੀ। ਇਹ ਲੋਕ ਉਸ ਤੋਂ ਬਹੁਤ ਨਾਰਾਜ਼ ਸਨ। ਪਰ ਜ਼ਰਾ ਹੋਰ ਸੁਣੋ। ਸ਼੍ਰੀ ਬਲਵੰਤ ਸਿੰਘ, ਸ਼੍ਰੀ ਭਾਗ ਸਿੰਘ ਇਹ ਦੋ ਹੀ ਸੱਜਣ ਤਾਂ ਸਨ ਜੋ ਪਹਿਲੇ ਦਿਨ ਤੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨਾਲ ਦਲੇਰੀ ਨਾਲ ਲੜਦੇ ਚਲੇ ਆਏ ਸਨ। ਕਾਮਾਗਾਟਾ ਮਾਰੂ ਜਹਾਜ਼ ਦੇ ਮਾਮਲੇ ਵਿਚ ਵੀ ਸਾਰੇ ਕੰਮ ਇਨ੍ਹਾਂ ਦੋ ਸੱਜਣਾਂ ਨੇ ਹੀ ਤਾਂ ਕੀਤੇ ਸਨ। ਉਹ ਇਮੀਗ੍ਰੇਸ਼ਨ ਵਿਭਾਗ ਦੀਆਂ ਅੱਖਾਂ ਵਿਚ ਰੜਕ ਰਹੇ ਸਨ। ਇਕ ਗ਼ੱਦਾਰ ਭਾੜੇ ਦਾ ਟੱਟੂ ਮਿਲ ਗਿਆ। ਗੁਰਦੁਆਰੇ ਵਿਚ ਦੀਵਾਨ ਹੋ ਰਿਹਾ ਸੀ। ਉਸ ਭਵੀਖਣ ਨੇ ਪ੍ਰਮਾਤਮਾ ਭਗਤੀ ਵਿਚ ਲੀਨ ਸ਼੍ਰੀ ਭਾਗ ਸਿੰਘ ਅਤੇ ਸ਼੍ਰੀ ਬਲਵੰਤ ਸਿੰਘ ਤੇ ਗੋਲੀ ਚਲਾ ਦਿੱਤੀ। ਸ਼੍ਰੀ ਭਾਗ ਸਿੰਘ ਤਾਂ ਮੌਕੇ ਤੇ ਹੀ ਸੁਰਗ ਸਿਧਾਰ ਗਏ ਪਰ ਸ਼੍ਰੀ ਬਲਵੰਤ ਸਿੰਘ ਬਚ ਗਏ। ਗੋਲੀ ਉਨ੍ਹਾਂ ਦੇ ਨਾਂ ਲੱਗ ਕੇ ਇਕ ਹੋਰ ਦੇਸ਼ ਭਗਤ ਸ਼੍ਰੀ ਵਤਨ ਸਿੰਘ ਦੇ ਜਾ ਲੱਗੀ। ਉਹ ਵੀ ਉੱਥੇ ਹੀ ਸ਼ਹੀਦ ਹੋ ਗਏ। ਇਹ ਕਾਤਲ ਮੌਜੂਦ ਲੋਕਾਂ ਦੇ ਹੱਥੋਂ ਬਚ ਨਿਕਲਿਆ। ਕੈਨੇਡਾ ਸਰਕਾਰ ਦਾ ਕਾਨੂੰਨ ਵੀ ਉਸ ਨੂੰ ਕੋਈ ਸਜ਼ਾ ਨਾ ਦੇ ਸਕਿਆ। ਉਹ ਅੱਜ (1928) ਵਿਚ ਵੀ ਜਿਉਂਦਾ ਹੈ। ( ਉਹ 1928 ਤੱਕ ਜਿਉਂਦਾ ਸੀ ਪਰ ਮਗਰੋਂ ਮੁਰਾਰੀ ਹੋਰਾਂ ਨੇ ਕਤਲ ਕਰ ਦਿੱਤਾ ਸੀ—ਸੰਪਾਦਕ )। ਅੱਜ ਵੀ ਉਹ ਪੰਜਾਬ ਸਰਕਾਰ ਦਾ ਲਾਡਲਾ ਬਣਿਆ ਹੋਇਆ ਹੈ (1928 ਵਿਚ)। ਉਸ ਨੇ ਇਹ ਸਭ ਕਾਂਡ ਕਿਉਂ ਕੀਤਾ ਅਤੇ ਇਸ ਵਿਚ ਉਸਨੂੰ ਕੀ ਭਲਾਈ ਦਿਸੀ ਸੀ, ਇਹ ਸਭ ਉਹੀ ਜਾਣੇ।

ਇਸੇ ਤਰ੍ਹਾਂ ਦੀ ਸਰਗਰਮੀ ਵਿਚ ਕਿੰਨੇ ਹੀ ਮਹੀਨੇ ਲੰਘ ਗਏ। ਸੰਨ 1914 ਦਾ ਅਖੀਰ ਆ ਗਿਆ। ਮਹਾਂ ਜੰਗ ਛਿੜ ਚੁੱਕੀ ਸੀ। ਅਮਰੀਕਾ ਵਿਚ ਵੱਸਦੇ ਸਾਰੇ ਭਾਰਤੀ ਦੇਸ਼ ਨੂੰ ਪਰਤਣ ਦੀ ਤਿਆਰੀ ਕਰਨ ਲੱਗੇ। ਫੇਰ ਸਾਡੇ ਨਾਇਕ ਕਿਵੇਂ ਉੱਥੇ ਰਹਿ ਸਕਦੇ ਸਨ। ਪਰਿਵਾਰ ਸਮੇਤ ਤੁਰ ਪਏ। ਆਪ ਸ਼ੰਘਾਈ ਪਹੁੰਚੇ। ਉੱਥੇ ਹੀ ਆਪ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉੱਥੇ ਕੰਮ ਦੇ ਸਿਲਸਿਲੇ ਵਿਚ ਆਪ ਨੂੰ ਆਪਣਾ ਘਰ ਪਰਤਣ ਦਾ ਇਰਾਦਾ ਬਦਲਣਾ ਪਿਆ। ਪਰਿਵਾਰ ਤਾਂ ਸ਼੍ਰੀ ਕਰਤਾਰ ਸਿੰਘ ( ਨਵਾਂ ਚੰਦ ) ਨਾਲ ਭਾਰਤ ਭੇਜ ਦਿੱਤਾ ਅਤੇ ਆਪ ਉੱਥੇ ਹੀ ਰੁਕ ਗਏ। ਉਥੇ ਜੋ ਸਾਰੇ ਕੰਮ ਕਰਨ ਵਾਲੇ ਸਨ, ਉਹ ਕਰਦੇ ਹੋਏ ਆਪ 1915 ਵਿਚ ਬੈਂਕਾਕ ਪਹੁੰਚ ਗਏ।

ਉਨ੍ਹਾਂ ਦਿਨਾਂ ਵਿਚ ਦੂਰ ਪੂਰਵ ਵਿਚ ਗ਼ਦਰ ਦੇ ਜੋ ਯਤਨ ਹੋ ਰਹੇ ਸਨ, ਉਨ੍ਹਾਂ ਦੇ ਹੀ ਸੰਗਠਨ ਅਤੇ ਨਿਯੰਤ੍ਰਣ ਵਿਚ ਆਪ ਨੂੰ ਕੰਮ ਕਰਨ ਲਈ ਠਹਿਰਨਾ ਪਿਆ ਸੀ। ਉਨ੍ਹਾਂ ਸਾਰੀਆਂ ਅਸਫ਼ਲ ਯੋਜਨਾਵਾਂ ਦਾ ਰੋਮਾਂਚਕਾਰੀ ਇਤਿਹਾਸ ਲਿਖਣ ਦੀ ਇਹ ਥਾਂ ਨਹੀਂ। ਹਫਤਾ ਭਰ ਸਿੰਘਾਪੁਰ ਵਿਚ ਰਣਚੰਡੀ ਦਾ ਜੋ ਤਾਂਡਵ ਨਾਚ ਹੋਇਆ ਸੀ, ਉਸ ਵਿਚ ਸਾਮਰਾਜਵਾਦੀ ਜਾਪਾਨ ਅਤੇ ਫਰਾਂਸ ਦੀਆਂ ਹਰ ਤਰ੍ਹਾਂ ਦੇ ਹਥਿਆਰਾਂ ਨਾਲ ਲੈਸ ਫੌਜਾਂ ਦੀ ਮਦਦ ਨਾਲ ਅੰਗ੍ਰੇਜ਼ ਜੇਤੂ ਰਹੇ। ਭਾਰਤ ਦਾ ਆਜ਼ਾਦੀ ਦਾ ਯਤਨ ਅਸਫਲ ਰਿਹਾ। ਈਸਟਰਨ ਪਲਾਟ ਦਾ ਅੰਤ ਹੋ ਗਿਆ। ਅਜਿਹੀ ਹੀ ਹਾਲਤ ਵਿਚ ਸ੍ਰੀ ਬਲਵੰਤ ਸਿੰਘ ਜੀ ਬੈਂਕਾਕ ਪਹੁੰਚੇ ਸਨ। ਬਦਕਿਸਮਤੀ ਨਾਲ ਆਪ ਬਿਮਾਰ ਹੋ ਗਏ। ਹਾਲਤ ਨਾਜ਼ੁਕ ਹੋ ਗਈ, ਹਸਪਤਾਲ ਜਾਣਾ ਪਿਆ। ਨਾ ਸਮਝ ਡਾਕਟਰ ਨੇ ਅਪਰੇਸ਼ਨ ਕਰ ਦਿੱਤਾ ਅਤੇ ਉਹ ਵੀ ਕਲੋਰੋਫਾਰਮ ਸੁੰਘਾਏ ਬਿਨਾਂ ਹੀ। ਆਪ ਦੀ ਤਕਲੀਫ਼ ਅਤੇ ਕਮਜ਼ੋਰੀ ਵਧ ਗਈ। ਅਜੇ ਤੁਰਨ-ਫਿਰਨ ਜੋਗੇ ਵੀ ਨਹੀਂ ਹੋਏ ਸੀ ਕਿ ਹਸਪਤਾਲ ਵਾਲਿਆਂ ਨੇ ਉਨ੍ਹਾਂ ਨੂੰ ਛੁੱਟੀ ਕਰ ਦਿੱਤੀ ਅਤੇ ਜਾਣ ਲਈ ਕਿਹਾ। ਤੁਰਨ-ਫਿਰਨ ਵਿਚ ਅਯੋਗਤਾ ਦੇਖਦਿਆਂ ਵੀ ਕੋਈ ਧਿਆਨ ਨਾ ਕੀਤਾ। ਹਸਪਤਾਲ ਤੋਂ ਬਾਹਰ ਕੱਢ ਦਿੱਤੇ ਗਏ। ਐਨੀ ਕਾਹਲੀ ਕਿਉਂ ਕੀਤੀ ਗਈ ਇਸ ਬਾਰੇ ਵੀ ਸੁਣ ਲਉ। ਬਾਹਰ ਪੁਲਿਸ ਗ੍ਰਿਫ਼ਤਾਰ ਕਰਨ ਵਾਸਤੇ ਖੜ੍ਹੀ ਸੀ। ਬੂਹੇ ਵਿਚੋਂ ਬਾਹਰ ਨਿੱਕਲਣ ਸਾਰ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉੱਥੇ ਰਹਿਣ ਵਾਲੇ ਭਾਰਤੀਆਂ ਵੱਲੋਂ ਜ਼ਮਾਨਤ-ਅਮਾਨਤ ਦੇ ਸਾਰੇ ਯਤਨ ਬੇਕਾਰ ਗਏ। ਸਿਆਮ ਦੀ ਆਜ਼ਾਦ ਸਰਕਾਰ ਨੇ ਸ੍ਰੀ ਬਲਵੰਤ ਸਿੰਘ ਜੀ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਚੁਪਚਾਪ ਭਾਰਤ ਦੀ ਅੰਗ੍ਰੇਜ਼ ਸਰਕਾਰ ਦੇ ਹਵਾਲੇ ਕਰ ਦਿੱਤਾ। ਉਹ ਕਿਉਂ? ਇਸ ਦਾ ਵੀ ਇਕ ਮਾਤਰ ਕਾਰਨ ਇਹੀ ਸੀ ਕਿ ਭਾਰਤ ਗ਼ੁਲਾਮ ਹੈ। ਗ਼ੁਲਾਮ ਕੌਮ ਵਾਸਤੇ ਕੌਣ ਖਾਹਮਖਾਹ ਦੀ ਬਲਾ ਆਪਣੇ ਸਿਰ ਲੈਂਦਾ ਹੈ। ਖ਼ੈਰ!

ਸ਼੍ਰੀ ਬਲਵੰਤ ਸਿੰਘ ਜੀ ਨੂੰ ਸਿੰਘਾਪੁਰ ਲਿਆਂਦਾ ਗਿਆ। ਸੰਸਾਰ ਭਰ ਦੀਆਂ ਧਮਕੀਆਂ ਅਤੇ ਲੋਭ ਦੇ ਕੇ ਆਪਨੂੰ ਸਾਰਾ ਭੇਤ ਦੱਸਣ ਲਈ ਰਾਜ਼ੀ ਕਰਨ ਦੇ ਯਤਨ ਕੀਤੇ ਗਏ ਪਰ ਉਨ੍ਹਾਂ ਕੋਲ ਮੌਨ ਤੋਂ ਸਿਵਾਏ ਕੀ ਰੱਖਿਆ ਪਿਆ ਸੀ?

ਆਖ਼ਰ 1916 ਵਿਚ ਆਪਨੂੰ ਲਾਹੌਰ ਸਾਜ਼ਿਸ਼ ਕੇਸ ਦੇ ਦੂਜੇ ਮੁਕੱਦਮੇ ਵਿਚ ਸ਼ਾਮਲ ਕਰ ਲਿਆ ਗਿਆ। ਅਪਰਾਧ ਉਹੀ ਸੀ ਜਿਸ ਵਿਚ ਅਸਫ਼ਲ ਹੋਣ ਤੇ ਮੌਤ ਦੀ ਸਜ਼ਾ ਹੀ ਮਿਲਿਆ ਕਰਦੀ ਹੈ। ਆਪ ਤੇ ਗ਼ਦਰ ਦਾ ਦੋਸ਼ ਲਾਇਆ ਗਿਆ। 24 ਦਿਨ ਨਾਟਕ ਹੋਇਆ। ਬੇਲਾ ਸਿੰਘ ਜੈਂਡ ਆਦਿ ਕਈ ਗਵਾਹ ਆਪਦੇ ਖ਼ਿਲਾਫ ਪੇਸ਼ ਹੋਏ। ਨਾਟਕ ਦੁਖਾਂਤ ਸੀ। ਦੋਸ਼ੀ ਨੂੰ ਸਾਮਰਾਜ ਦੀ ਬਲੀ-ਵੇਦੀ ਤੇ ਕੁਰਬਾਨ ਕਰਨ ਦਾ ਫੈਸਲਾ ਹੋਇਆ। ਮੌਤ ਦੀ ਸਜ਼ਾ ਸੁਣਦੇ ਹੀ ਫਰਿਸ਼ਤੇ ਸਹਿਮ ਗਏ। ਇਸ ਦੇਵਤਾ ਨੂੰ ਮੌਤ ਦੀ ਸਜ਼ਾ! ਰਾਖਸ਼-ਦਾਨਵ ਭਿਆਨਕ ਹਾਸਾ ਹੱਸ ਰਹੇ ਹੋਣਗੇ।

ਕਾਲ ਕੋਠੜੀ ਵਿਚ ਬੰਦ ਹਨ, ਸਿੱਖ ਹੋਣ ਕਰਕੇ ਟੋਪੀ ਨਹੀਂ ਪਹਿਨ ਸਕਦੇ। ਕੰਬਲ ਹੀ ਸਿਰ ਤੇ ਵਲ੍ਹੇਟ ਲਿਆ ਹੈ। ਬਦਨਾਮ ਕਰਨ ਵਾਸਤੇ ਕਿਸੇ ਨੇ ਸ਼ਰਾਰਤ ਕੀਤੀ-ਕੰਬਲ ਦੇ ਕਿਸੇ ਇਕ ਕੋਨੇ ਵਿਚ ਅਫੀਮ ਬੰਨ੍ਹ ਦਿੱਤੀ ਅਤੇ ਕਿਹਾ ਗਿਆ ਕਿ ਆਪ ਖੁਦਕਸ਼ੀ ਕਰਨਾ ਚਾਹੁੰਦੇ ਹਨ। ਆਪ ਨੇ ਪੂਰਨ ਸ਼ਾਂਤੀ ਨਾਲ ਜਵਾਬ ਦਿੱਤਾ— 'ਮੌਤ ਸਾਹਮਣੇ ਖੜ੍ਹੀ ਹੈ। ਉਸ ਨੂੰ ਗਲੇ ਲਾਉਣ ਲਈ ਤਿਆਰ ਹੋ ਚੁੱਕਾ ਹਾਂ। ਖੁਦਕਸ਼ੀ ਕਰਕੇ ਮੈਂ ਮੌਤ-ਸੁੰਦਰੀ ਨੂੰ ਕਰੂਪ ਬਣਾਵਾਂਗਾ। ਗ਼ਦਰ ਦੇ ਜ਼ੁਰਮ ਵਿਚ ਮੌਤ ਦੀ ਸਜ਼ਾ ਪਾਉਣ ਤੇ ਗੈਰਤ ਅਨੁਭਵ ਕਰਦਾ ਹਾਂ। ਫਾਂਸੀ ਦੇ ਤਖ਼ਤੇ ਤੇ ਹੀ ਦਲੇਰੀ ਨਾਲ ਜਾਨ ਵਾਰਾਂਗਾ।' ਪੁੱਛ-ਗਿੱਛ ਕਰਨ ਤੇ ਭੇਤ ਖੁੱਲ੍ਹ ਗਿਆ। ਕੁਝ ਲੰਬੜਦਾਰ ਕੈਦੀਆਂ ਅਤੇ ਵਾਰਡਰ ਨੂੰ ਕੁਝ ਸਜ਼ਾ ਹੋਈ। ਸਾਰਿਆਂ ਨੇ ਆਪ ਦੀ ਦੇਸ਼ ਭਗਤੀ ਅਤੇ ਨਿਡਰਤਾ ਦੀ ਦਾਦ ਦਿੱਤੀ।

ਸੰਨ 1916 ਦੇ ਦਿਨ ਸਨ। ਭਾਰਤਵਰਸ਼ ਵਿਚ ਕਾਲੇਪਾਣੀ ਅਤੇ ਫਾਂਸੀਆਂ ਦਾ ਜ਼ੋਰ ਸੀ। ਸਮੁੱਚੇ ਉੱਤਰ ਭਾਰਤ ਵਿਚ ਇਕਦਮ ਖਲਬਲੀ ਮੱਚ ਗਈ ਸੀ। ਅੰਦਰ ਹੀ ਅੰਦਰ ਇਕ ਵਿਸ਼ਾਲ ਗੁਪਤ ਗ਼ਦਰ ਦੀ ਯੋਜਨਾ ਬਣ ਚੁੱਕੀ ਸੀ, ਇਹ ਭਾਰਤ ਦੀ ਜਨਤਾ ਨਹੀਂ ਜਾਣਦੀ ਸੀ। ਨੇਤਾ ਲੋਕ ਉਨ੍ਹਾਂ ਲੋਕਾਂ ਵੱਲ ਵੇਖਣ ਦੀ ਜ਼ੁਰੱਅਤ ਤੱਕ ਨਹੀਂ ਕਰਦੇ ਸਨ। ਬਹੁਤ ਸਾਰੇ ਲੋਕ ਸਮਝਦੇ ਸਨ ਕਿ ਸਰਕਾਰ ਨੇ ਉਂਝ ਹੀ ਦੇਸ਼ ਨੂੰ ਭੈਭੀਤ ਕਰਨ ਲਈ ਅਜਿਹੇ ਭਿਆਨਕ ਮਕੱਦਮੇ ਚਲਾ ਰੱਖੇ ਹਨ। ਜਿਵੇਂ ਵੀ ਹੋਵੇ, ਉਸ ਵਿਸ਼ਾਲ ਯੋਜਨਾ ਦੇ ਅਸਫ਼ਲ ਹੋ ਜਾਣ ਤੇ ਵੀ ਉਸ ਦੀ ਸੁੰਦਰ ਯਾਦ ਬਾਕੀ ਹੈ। ਉਹ ਸੁੰਦਰ ਹੈ, ਇਸ ਲਈ ਕਿ ਆਦਰਸ਼ਵਾਦੀ ਨੌਜਵਾਨਾਂ ਦੇ ਪਵਿੱਤਰ ਖ਼ੂਨ ਨਾਲ ਲਿਖੀ ਗਈ ਹੈ। ਬਾਕੀ ਹੈ ਇਸ ਵਾਸਤੇ ਕਿ ਕੁਰਬਾਨੀਆਂ ਕਦੀ ਬੇਕਾਰ ਨਹੀਂ ਜਾਇਆ ਕਰਦੀਆਂ। ਇਸੇ ਸਾਲ ਵਿਚ ਚੇਤਰ ( ਮਾਰਚ ) ਦੀ 18 ਤਾਰੀਖ਼ ਨੂੰ ਸ਼੍ਰੀ ਬਲਵੰਤ ਸਿੰਘ ਜੀ ਦੀ ਧਰਮ ਪਤਨੀ ਭੇਂਟ ਵਾਸਤੇ ਗਈ।

ਸ਼੍ਰੀ ਬਲਵੰਤ ਸਿੰਘ ਦੀ ਫਾਂਸੀ ਦੇ ਦਿਨ ਦੇ ਸਮਾਚਾਰ ਬਾਦ ਵਿਚ ਮਿਲੇ। ਆਪਨੇ ਤੜਕੇ ਇਸ਼ਨਾਨ ਕੀਤਾ ਅਤੇ ਆਪਣੇ ਛੇ ਹੋਰ ਸਾਥੀਆਂ ਸਮੇਤ ( ਜਿਨ੍ਹਾਂ ਨੂੰ ਉਸੇ ਦਿਨ ਫਾਂਸੀ ਮਿਲੀ ਸੀ ) ਭਾਰਤ-ਮਾਤਾ ਨੂੰ ਅੰਤਮ ਨਮਸਕਾਰ ਕੀਤਾ। ਭਾਰਤ ਦੀ ਆਜ਼ਾਦੀ ਦਾ ਗੀਤ ਗਾਇਆ। ਹੱਸਦੇ-ਹੱਸਦੇ ਫਾਂਸੀ ਦੇ ਤਖ਼ਤੇ ਤੇ ਜਾ ਖੜ੍ਹੇ ਹੋਏ। ਫੇਰ ਕੀ ਹੋਇਆ, ਕੀ ਪੁੱਛਦੇ ਹੋ? ਉਹੀ ਜੱਲਾਦ, ਉਹੀ ਰੱਸੀ। ਉਹ! ਉਹੀ ਫਾਂਸੀ ਤੇ ਉਹੀ ਪ੍ਰਾਣ-ਤਿਆਗ।

ਅੱਜ ਬਲਵੰਤ ਇਸ ਸੰਸਾਰ ਵਿਚ ਨਹੀਂ, ਉਨ੍ਹਾਂ ਦਾ ਨਾਂ ਹੈ। ਉਨ੍ਹਾਂ ਦਾ ਦੇਸ਼ ਹੈ, ਉਨ੍ਹਾਂ ਦਾ ਗ਼ਦਰ ਹੈ। ਜਦੋਂ ਕਦੀ ਉਨ੍ਹਾਂ ਦੀ ਦਿਲੀ ਇੱਛਾ ਪਰੀ ਹੋਏਗੀ—ਭਾਰਤ ਆਜ਼ਾਦ ਹੋਏਗਾ— ਤਾਂ ਉਹ ਆਨੰਦ ਅਤੇ ਖੁਸ਼ੀ ਨਾਲ ਖਿੜ ਜਾਣਗੇ।

*ਮੁਕੰਦ*

ਸੰਪਾਦਕ: ਮਲਵਿੰਦਰ ਜੀਤ ਸਿੰਘ ਵੜੈਚ
ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com